# ਸਾਨੂੰ ਸੰਪਰਕ ਕਰੋ

LFB
LONDON FIRE BRIGADE

**ਆਪਾਤਕਾਲੀਨ ਵਿੱਚ 999 ਡਾਇਲ ਕਰੋ**
ਕਿਸੇ ਹੋਰ ਕਾਰਣ ਲਈ ਇਸਦੀ ਵਰਤੋਂ ਨਾ ਕਰੋ।

**999 ਉਤੇ ਕਾਲ ਕਰਨਾ**
ਜੇ ਤੁਹਾਨੂੰ ਫਾਇਰ ਬ੍ਰਿਗੇਡ, ਪੁਲਿਸ ਜਾਂ ਐਂਬੂਲੈਂਸ ਦੀ ਲੋੜ ਹੈ ਤਾਂ ਤੁਹਾਨੂੰ 999 ਉਤੇ ਕਾਲ ਕਰਨੀ ਚਾਹੀਦੀ ਹੈ। 999 ਉਤੇ ਸਾਰੀਆਂ ਕਾਲਾਂ ਮੁਫਤ ਹਨ। ਤੁਸੀਂ ਇਨ੍ਹਾਂ ਨੂੰ ਕਿਸੇ ਵੀ ਫੋਨ ਤੋਂ ਕਰ ਸਕਦੇ ਹੋ, ਮੋਬਾਈਲ ਫੋਨਾਂ ਤੋਂ ਵੀ।

ਜੇ ਕੋਈ ਐਮਰਜੈਂਸੀ ਨਹੀਂ ਹੈ ਤਾਂ 999 ਉਤੇ ਕਾਲ ਨਾ ਕਰੋ। 999 ਉਤੇ ਸਾਰੀਆਂ ਕਾਲਾਂ ਰਿਕਾਰਡ ਕੀਤੀਆਂ ਜਾਂਦੀਆਂ ਹਨ ਅਤੇ ਜੇ ਤੁਸੀਂ ਝੂਠੀ ਐਮਰਜੈਂਸੀ ਕਾਲ ਕਰਦੇ ਹੋ ਤਾਂ ਤੁਸੀਂ ਕਾਨੂੰਨ ਦੀ ਉਲੰਘਣਾ ਕਰਦੇ ਹੋ।

ਕਾਲ ਮਿਲਣ ਉਤੇ, ਓਪਰੇਟਰ ਤੁਹਾਨੂੰ ਪੁੱਛੇਗਾ ਕਿ ਤੁਹਾਨੂੰ ਕਿਹੜੀ ਆਪਾਤਕਾਲੀਨ ਸੇਵਾ ਚਾਹੀਦੀ ਹੈ - ਫਾਇਰ ਬ੍ਰਿਗੇਡ, ਪੁਲਿਸ ਜਾਂ ਐਂਬੂਲੈਂਸ ਸੇਵਾ। ਕਿਰਪਾ ਕਰਕੇ ਧਿਆਨ ਨਾਲ ਸੁਣੋ ਅਤੇ ਸ਼ਾਂਤ ਰਹੋ।

ਫਿਰ ਤੁਹਾਨੂੰ ਐਮਰਜੈਂਸੀ ਕੰਟਰੋਲ ਰੂਮ ਓਪਰੇਟਰ ਨਾਲ ਜੋੜਿਆ ਜਾਵੇਗਾ, ਤੁਹਾਡੀ ਲੋੜੀਂਦੀ ਸੇਵਾ ਬਾਰੇ। ਉਹ ਕੁਝ ਪ੍ਰਸ਼ਨ ਪੁੱਛਣਗੇ। ਸਪਸ਼ਟਤਾ ਨਾਲ ਪ੍ਰਸ਼ਨਾਂ ਦੇ ਜੁਆਬ ਦੇਵੋ, ਅਤੇ ਜਦੋਂ ਤਕ ਤੁਹਾਨੂੰ ਕਿਹਾ ਨਾ ਜਾਏ, ਟੈਲੀਫੋਨ ਹੇਠਾਂ ਨਾ ਰਖੋ।

ਜੇ ਤੁਸੀਂ ਅੰਗਰੇਜੀ ਨਹੀਂ ਬੋਲ ਸਕਦੇ, ਅਸੀਂ ਤੁਹਾਨੂੰ ਸਲਾਹ ਦੇਵਾਂਗੇ ਕਿ ਤੁਸੀਂ ਆਪਣਾ ਪਤਾ ਦੱਸਣ ਦਾ ਅਭਿਆਸ ਕਰੋ ਅਤੇ ਤੁਸੀਂ ਆਪਣੇ ਲੈਂਡਲਾਈਨ ਟੈਲੀਫੋਨ ਦੀ ਵਰਤੋਂ ਕਰੋ ਤਾਂ ਕਿ ਅਸੀਂ ਤੁਹਾਡੇ ਘਰ ਦਾ ਪਤਾ ਲਾ ਸਕੀਏ।

**ਆਮ ਪੁੱਛਗਿਛਾਂ ਅਤੇ ਗੈਰ ਆਪਾਤਕਾਲੀਨ ਸਹਾਇਤਾ**


London Fire Brigade
169 Union Street, London SE1 0LL

**ਟੈਲੀਫੋਨ:** 020 8555 1200
**ਈ-ਮੇਲ:** info@london-fire.gov.uk
(ਸੇਵਾ ਮਿਆਦ - ਸੋਮਵਾਰ ਤੋਂ ਸ਼ੁਕਰਵਾਰ, ਸਵੇਰੇ 8 ਤੋਂ ਸ਼ਾਮ 5 ਵਜੇ ਤਕ)


ਅਸੀਂ ਕੇਵਲ ਅੰਗ੍ਰੇਜੀ ਵਿੱਚ ਹੀ ਕਾਲਾਂ ਦਾ ਉਤਰ ਦੇ ਸਕਦੇ ਹਾਂ; ਅਸੀਂ ਮੰਗ ਉਤੇ ਕਿਸੇ ਅਨੁਵਾਦਕ ਜਾਂ ਅਨੁਵਾਦ ਦਾ ਪ੍ਰਬੰਧ ਕਰ ਸਕਦੇ ਹਾਂ। ਜੇ ਸਾਨੂੰ ਕੋਈ ਪੱਤਰ ਜਾਂ ਈ-ਮੇਲ ਕਿਸੇ ਵਿਦੇਸ਼ੀ ਭਾਸ਼ਾ ਵਿੱਚ ਮਿਲਦਾ ਹੈ ਤਾਂ ਅਸੀਂ ਉਸਦਾ ਅਨੁਵਾਦ ਕਰਾ ਸਕਦੇ ਹਾਂ ਅਤੇ ਉਸੇ ਭਾਸ਼ਾ ਵਿੱਚ ਜੁਆਬ ਦੇ ਸਕਦੇ ਹਾਂ।